# ਫਰੇਜ਼ਰ ਹੈਲਥ ਇਮਾਰਤਾਂ ਵਿੱਚ ਅਨਰੈਗੂਲੇਟਿਡ ਸਬਸਟਾਨਸ (ਡਰੱਗ) ਲਿਆਉਣਾ

Punjabi

**Bringing unregulated substances into Fraser Health buildings**
**A message from people with lived and living experience with drug use.**

ਡਰੱਗ ਦੀ ਵਰਤੋਂ ਨਾਲ ਰਹਿ ਚੁੱਕੇ ਅਤੇ ਰਹਿ ਰਹੇ ਅਨੁਭਵ ਵਾਲੇ ਲੋਕਾਂ ਵਲੋਂ ਸੁਨੇਹਾ।

## ਫਰੇਜ਼ਰ ਹੈਲਥ ਦੇ *ਪੁਜ਼ੈਸ਼ਨ ਆਫ ਇਕਜ਼ਐਂਪਟਿਡ ਸਬਸਟਾਨਸ ਨਿੱਜੀ ਵਰਤੋਂ ਲਈ ਨੀਤੀ* ਨਾਲ ਸਬੰਧਤ ਤੁਹਾਡੇ ਅਧਿਕਾਰ

### ਉੱਥੇ ਜਾਣ ਸਮੇਂ ਦੌਰਾਨ ਮੈਂ ਕੀ ਉਮੀਦ ਕਰ ਸਕਦਾ ਹਾਂ?

**What can I expect during a visit?**

ਤੁਹਾਨੂੰ ਫਰੇਜ਼ਰ ਹੈਲਥ ਸਾਈਟਾਂ 'ਤੇ ਨਿੱਜੀ ਵਰਤੋਂ ਲਈ 2.5 ਗ੍ਰਾਮ ਤੱਕ ਸਬਸਟਾਨਸ (ਡਰੱਗ) ਰੱਖਣ ਦੀ ਇਜਾਜ਼ਤ ਹੈ। ਮਨਜ਼ੂਰ ਡਰੱਗਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

- ਓਪੀਔਡਜ਼ (ਹੈਰੋਇਨ, ਫੈਂਟਾਨਿਲ, ਡਾਉਨ)
- ਐਮ ਡੀ ਐਮ ਏ (ਐਕਸਟੇਸੀ, ਮੌਲੀ)
- ਕੋਕੇਨ (ਕਰੈਕ, ਪਾਉਡਰ ਕੋਕੇਨ)
- ਮੇਥਾਮਫੇਟਾਮਾਈਨ (ਕ੍ਰਿਸਟਲ ਮੈੱਥ, ਸਾਈਡ)

ਕਿਸੇ ਸਬਸਟਾਨਸ ਨੂੰ ਤੁਹਾਡੇ ਨਿੱਜੀ ਸਮਾਨ ਦਾ ਹਿੱਸਾ ਮੰਨਿਆ ਜਾਂਦਾ ਹੈ ਜੇ:

- ਇਸਨੂੰ ਆਸਾਨੀ ਨਾਲ ਲਿਜਾਇਆ, ਲੁਕਾਇਆ ਜਾਂ ਸਟੋਰ ਕੀਤਾ ਜਾ ਸਕਦਾ ਹੋਵੇ, *ਅਤੇ*
- ਇਹ ਤੁਹਾਡੀ ਨਿੱਜੀ ਵਰਤੋਂ ਲਈ ਹੋਵੇ।

ਹੇਠ ਲਿਖੇ ਦੀ ਇਜਾਜ਼ਤ ਨਹੀਂ ਹੈ:

- ਸਬਸਟਾਨਸ ਵੇਚਣਾ
- 2.5 ਗ੍ਰਾਮ ਤੋਂ ਵੱਧ ਸਬਸਟਾਨਸ ਦਾ ਹੋਣਾ

ਸਟਾਫ਼ ਤੁਹਾਡੇ ਸਬਸਟਾਨਸ ਨੂੰ ਤੋਲੇ ਜਾਂ ਮਾਪੇਗਾ ਨਹੀਂ।

**ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਆਪਣੇ ਦੌਰੇ ਦੌਰਾਨ ਡਰੱਗਾਂ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਟਾਫ ਨੂੰ ਦੱਸੋ। ਉਹ ਤੁਹਾਡੀ ਦੇਖਭਾਲ ਯੋਜਨਾ 'ਤੇ ਤੁਹਾਡੀਆਂ ਸਬਸਟਾਨਸ ਦੀਆਂ ਜ਼ਰੂਰਤਾਂ ਨੂੰ ਰਿਕਾਰਡ ਕਰਨਗੇ ਤਾਂ ਜੋ ਦੂਜੇ ਸਟਾਫ ਨੂੰ ਪਤਾ ਲੱਗੇ।**

ਫਰੇਜ਼ਰ ਹੈਲਥ ਇਮਾਰਤਾਂ ਵਿੱਚ ਸਿਗਰਟ ਪੀਣ ਜਾਂ ਵੇਪਿੰਗ ਦੀ ਇਜਾਜ਼ਤ ਨਹੀਂ ਹੈ।
ਇਮਾਰਤਾਂ ਵਿੱਚ ਸਿਗਰਟ ਪੀਣ ਨਾਲ ਅੱਗ ਦਾ ਖਤਰਾ ਹੈ ਕਿਉਂਕਿ ਉੱਥੇ ਆਕਸੀਜਨ ਟੈਂਕ ਅਤੇ ਹੋਰ ਜਲਣਸ਼ੀਲ ਵਸਤੂਆਂ ਹੁੰਦੀਆਂ ਹਨ।

ਤੁਹਾਨੂੰ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਲਈ ਡਰੱਗਾਂ ਦੀ ਵਰਤੋਂ ਬੰਦ ਕਰਨ ਦੀ ਲੋੜ ਨਹੀਂ ਹੈ ਜੇ ਕੋਈ ਖਾਸ ਡਾਕਟਰੀ ਕਾਰਨ ਨਾ ਹੋਵੇ।

ਆਪਣੀ ਡਰੱਗ ਦੀ ਵਰਤੋਂ ਲਈ ਇਲਾਜ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। ਤੁਹਾਡੇ ਇਲਾਜ ਸਬੰਧੀ ਫੈਸਲੇ ਵਿਚ ਤੁਹਾਡੀ ਸ਼ਮੂਲੀਅਤ ਹੋਣੀ ਜ਼ਰੂਰੀ ਹੈ।

**ਕਈ ਵਾਰ ਸੁਰੱਖਿਆ ਕਾਰਨਾਂ ਕਰਕੇ ਸਟਾਫ ਨੂੰ ਅਸਥਾਈ ਤੌਰ 'ਤੇ ਤੁਹਾਡੇ ਸਮਾਨ (ਸਬਸਟਾਨਸ ਸਮੇਤ) ਨੂੰ ਸਟੋਰੇਜ ਵਿੱਚ ਰੱਖਣ ਦੀ ਲੋੜ ਹੁੰਦੀ ਹੈ। ਇਹ ਮੁਸ਼ਕਲ ਹੋ ਸਕਦਾ ਹੈ ਪਰ ਸਟਾਫ਼ ਹਰ ਕਿਸੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਤੁਹਾਡੇ ਅਧਿਕਾਰਾਂ ਦਾ ਸਨਮਾਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।**

ਸਟਾਫ ਦੇ ਲੋਕ ਅਜੇ ਵੀ ਸਿੱਖ ਰਹੇ ਹਨ। ਹੋ ਸਕਦਾ ਹੈ ਕਿ ਉਹਨਾਂ ਨੂੰ ਡਰੱਗਾਂ ਦੀ ਵਰਤੋਂ ਬਾਰੇ ਤੁਹਾਡੇ ਜਿੰਨਾ ਗਿਆਨ ਨਾ ਹੋਵੇ। ਧੀਰਜ ਰੱਖਣ ਦੀ ਕੋਸ਼ਿਸ਼ ਕਰੋ ਕਿਉਂਕਿ ਉਹ ਤੁਹਾਨੂੰ ਸਭ ਤੋਂ ਵਧੀਆ ਦੇਖਭਾਲ ਦੇਣ ਬਾਰੇ ਹੋਰ ਸਿੱਖ ਰਹੇ ਹਨ।

fraserhealth

## ਸਟਾਫ਼ ਮੇਰੀ ਡਰੱਗ ਦੀ ਵਰਤੋਂ ਬਾਰੇ ਕਿਉਂ ਪੁੱਛਦਾ ਹੈ?

**Why do staff ask about my drug use?**

ਉਹ ਹਰ ਕਿਸੇ ਨੂੰ ਸਬਸਟਾਨਸ ਦੀ ਵਰਤੋਂ ਬਾਰੇ ਪੁੱਛਦੇ ਹਨ। ਉਹਨਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਤੁਸੀਂ ਕਿਹੜੇ ਸਬਸਟਾਨਸ ਦੀ ਵਰਤੋਂ ਕਰ ਰਹੇ ਹੋ ਕਿਉਂਕਿ ਕੁਝ ਸਬਸਟਾਨਸ ਡਾਕਟਰੀ ਦੇਖਭਾਲ ਵਿੱਚ ਵਿਘਨ ਪਾ ਸਕਦੇ ਹਨ। ਪੁੱਛਣ 'ਤੇ ਤੁਸੀਂ ਅਸਹਿਜ ਮਹਿਸੂਸ ਕਰ ਸਕਦੇ ਹੋ, ਪਰ ਇਹ ਜ਼ਰੂਰੀ ਹੈ ਤਾਂ ਕਿ ਸਟਾਫ ਤੁਹਾਨੂੰ ਸਭ ਤੋਂ ਵਧੀਆ ਦੇਖਭਾਲ ਪ੍ਰਦਾਨ ਕਰ ਸਕੇ।

ਜਿਹੜੇ ਲੋਕ ਡਰੱਗ ਦੀ ਵਰਤੋਂ ਕਰਦੇ ਹਨ ਉਹ ਅਕਸਰ ਕਲੰਕਤ ਮਹਿਸੂਸ ਕਰਦੇ ਹਨ। ਸਾਨੂੰ ਆਸ ਹੈ ਕਿ ਡਰੱਗ ਦੀ ਵਰਤੋਂ ਬਾਰੇ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਕੀਤੀ ਗੱਲਬਾਤ ਕਲੰਕ ਨੂੰ ਘਟਾਵੇਗੀ।

## ਜਦੋਂ ਮੈਂ ਇੱਥੇ ਹਾਂ ਤਾਂ ਮੇਰੀ ਡਰੱਗ ਦੀ ਵਰਤੋਂ ਵਿੱਚ ਮਦਦ ਲਈ ਕੀ ਉਪਲਬਧ ਹੈ?

**What is available to help with my drug use while I am here?**

ਹਰ ਸਾਈਟ 'ਤੇ ਵੱਖ-ਵੱਖ ਚੋਣਾਂ ਹੁੰਦੀਆਂ ਹਨ। ਤੁਸੀਂ ਜਿਸ ਸਾਈਟ 'ਤੇ ਜਾ ਰਹੇ ਹੋ ਉੱਥੇ ਸਟਾਫ ਨੂੰ ਪੁੱਛੋ ਕਿ ਕੀ ਉਪਲਬਧ ਹੈ।




ਜੇ ਤੁਹਾਨੂੰ ਨੁਕਸਾਨ ਘਟਾਉਣ ਵਾਲੀਆਂ ਚੀਜ਼ਾਂ ਅਤੇ ਘਰ ਲੈ ਜਾਣ ਲਈ ਨਲੋਕਸੋਨ ਦੀ ਲੋੜ ਹੈ, ਤਾਂ ਸਟਾਫ ਨੂੰ ਪੁੱਛੋ।



ਜੇ ਤੁਹਾਨੂੰ ਤੋੜ ਲੱਗ ਰਹੀ ਹੈ (ਕਰੇਵਿੰਗਜ਼) ਜਾਂ ਤੁਸੀਂ ਵਿਦਡਰਾਲ ਬਾਰੇ ਚਿੰਤਤ ਹੋ, ਤਾਂ ਸਟਾਫ ਨੂੰ ਦੱਸੋ। ਉਹਨਾਂ ਕੋਲ ਤੁਹਾਡੀ ਮਦਦ ਕਰਨ ਲਈ ਤਰੀਕੇ ਹੋ ਸਕਦੇ ਹਨ, ਜਿਸ ਵਿੱਚ ਓਪੀਔਡ ਐਗੋਨਿਸਟ ਟ੍ਰੀਟਮੈਂਟ (OAT) ਅਤੇ ਵਿਦਡਰਾਲ ਨੂੰ ਮੈਨੇਜ ਕਰਨ ਲਈ ਹੋਰ ਮਦਦ ਦੇ ਸਕਦੇ ਹਨ।

ਜੇ ਤੁਸੀਂ ਇੱਥੇ ਹੋਣ ਵੇਲੇ ਲੋੜ ਮਹਿਸੂਸ ਹੋਣ ਕਾਰਨ ਡਰੱਗ ਵਰਤਣ ਦਾ ਫੈਸਲਾ ਕਰਦੇ ਹੋ ਤਾਂ ਸਟਾਫ ਨੂੰ ਦੱਸੋ। ਉਹ ਵਰਤਣ ਲਈ ਜਗ੍ਹਾ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।



ਇਲਾਜ ਦੇ ਤਰੀਕਿਆਂ ਦੀ ਚੋਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਕੁਝ ਹਸਪਤਾਲਾਂ ਵਿੱਚ ਈ ਓ ਪੀ ਐਸ (ਐਪੀਸੋਡਿਕ ਓਵਰਡੋਜ਼ ਰੋਕਥਾਮ ਸੇਵਾ) ਟੀਮਾਂ, ਸਾਥੀ ਟੀਮਾਂ, ਅਤੇ ਨਸ਼ਾ ਮੁਕਤੀ ਮਾਹਰ ਹਨ। ਜੇ ਤੁਸੀਂ ਇਹ ਸੇਵਾਵਾਂ ਚਾਹੁੰਦੇ ਹੋ ਤਾਂ ਸਟਾਫ ਨੂੰ ਦੱਸੋ। ਉਹ ਤੁਹਾਨੂੰ ਇਲਾਜ ਦੀਆਂ ਹੋਰ ਕਿਸਮਾਂ ਜਾਂ ਟੀਮਾਂ ਜਿਵੇਂ ਕਿ ਆਊਟਰੀਚ ਸੇਵਾਵਾਂ ਲਈ ਵੀ ਭੇਜ ਸਕਦੇ ਹਨ।

**ਸਟਾਫ਼ ਵਰਤੋਂ ਛੱਡਣ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ, ਪਰ ਸਿਰਫ਼ ਤਾਂ ਹੀ ਜੇ ਤੁਸੀਂ ਪਹਿਲਾਂ ਗੱਲਬਾਤ ਸ਼ੁਰੂ ਕਰਦੇ ਹੋ।**

## ਤੁਹਾਡੀ ਦੇਖਭਾਲ ਬਾਰੇ ਚਿੰਤਾਵਾਂ ਜਾਂ ਤਾਰੀਫ਼ਾਂ

**Concerns or compliments about your care**

ਜੇ ਤੁਸੀਂ ਪ੍ਰਾਪਤ ਕੀਤੀ ਦੇਖਭਾਲ ਤੋਂ ਖੁਸ਼ ਹੋ, ਤਾਂ ਕਿਰਪਾ ਕਰਕੇ ਸਟਾਫ ਮੈਂਬਰ ਜਾਂ ਉਨ੍ਹਾਂ ਦੇ ਸੁਪਰਵਾਈਜ਼ਰ ਨੂੰ ਬਿਨਾਂ ਝਿਝਕ ਦੱਸ ਸਕਦੇ ਹੋ।

ਜੇ ਤੁਹਾਡੀ ਦੇਖਭਾਲ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਇਸ ਬਾਰੇ ਉਸ ਵਿਅਕਤੀ ਨਾਲ ਗੱਲ ਕਰੋ ਜਿਸਨੇ ਤੁਹਾਡੀ ਦੇਖਭਾਲ ਕੀਤੀ ਹੈ ਜਾਂ ਉਸ ਵਿਅਕਤੀ ਦੇ ਮੈਨੇਜਰ ਨਾਲ।

ਜੇਕਰ ਤੁਸੀਂ ਤੁਹਾਡੇ ਵਲੋਂ ਕੀਤੇ ਸਵਾਲ ਨੂੰ ਨਜਿੱਠਣ ਦੇ ਤਰੀਕੇ ਤੋਂ ਨਾਖੁਸ਼ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:


**ਫਰੇਜ਼ਰ ਹੈਲਥ ਮਰੀਜ਼ ਕੇਅਰ ਕੁਆਲਿਟੀ ਆਫਿਸ**

**1-877-880-8823** PCQOffice@fraserhealth.ca
Fraserhealth.ca/about-us/compliments-and-complaints


ਪੀਅਰ ਅਡਵਾਈਜ਼ਰ ਟੀਮ ਦਾ ਧੰਨਵਾਦ ਜਿਨ੍ਹਾਂ ਦੀ ਵਿਸ਼ੇ ਵਿਚਲੀ ਨਿਪੁੰਨਤਾ ਨੇ ਇਹ ਸੋਮਾ ਤਿਆਰ ਕਰਨ ਵਿੱਚ ਮਦਦ ਕੀਤੀ ਹੈ।


ਇਨਟੀਰੀਅਰ ਹੈੱਲਥ ਅਥਾਰਟੀ ਅਤੇ ਉਨ੍ਹਾਂ ਦੇ ਪੀਅਰ ਅਡਵਾਇਜ਼ਰਾਂ ਦੀ ਆਗਿਆ ਨਾਲ ਵਰਤਿਆ ਗਿਆ।
www.fraserhealth.ca
ਇਹ ਜਾਣਕਾਰੀ ਉਸ ਸਲਾਹ ਦੀ ਥਾਂ ਨਹੀਂ ਲੈਂਦੀ ਜਿਹੜੀ ਤੁਹਾਨੂੰ ਤੁਹਾਡੇ ਹੈਲਥਕੇਅਰ ਪ੍ਰੋਵਾਈਡਰ ਵਲੋਂ ਦਿੱਤੀ ਗਈ ਸੀ।
Catalogue #268462 (March 2024) Punjabi ◆ For more copies: patienteduc.fraserhealth.ca
In partnership with the Peer Advisory Team